# ਜ਼ਿੰਦਗੀ ਦੇ ਸੰਘਰਸ਼ਾਂ ਦੇ ਸਮੇਂ ਵਿਸ਼ਵਾਸ



ਜ਼ਿੰਦਗੀ ਆਸਾਨ ਨਹੀਂ ਹੈ, ਇਸ ਵਿੱਚ ਕੋਈ ਸ਼ੱਕ ਨਹੀਂ। ਪਰ ਕੋਈ ਤਾਂ ਹੈ ਜਿਸ ਵੱਲ ਤੁਸੀਂ, ਇੱਕ ਦੋਸਤ ਦੀ ਲੋੜ ਪੈਣ 'ਤੇ ਮੁੜ ਸਕਦੇ ਹੋ। ਕੋਈ ਤਾਂ ਹੈ ਜੋ ਮਾੜੇ ਸਮੇਂ ਦੇ ਨਾਲ-ਨਾਲ ਚੰਗੇ ਸਮੇਂ ਵਿੱਚ ਵੀ ਤੁਹਾਡੇ ਨਾਲ ਖੜ੍ਹੇਗਾ।

ਇਹ ਉਹੀ ਹੈ ਜਿਸਨੂੰ ਬਾਈਬਲ "ਦੁਖੀਆ ਮਨੁੱਖ ਅਤੇ ਸੋਗ ਦਾ ਜਾਣੂ " (ਯਸਾਯਾਹ 53:3) ਵਜੋਂ ਦੱਸਦੀ ਹੈ - ਇੱਕ ਅਜਿਹਾ ਵਿਅਕਤੀ ਜਿਸਨੇ ਸਭ ਤੋਂ ਵੱਡੇ ਦੁੱਖ ਨੂੰ ਸਹਿਣ ਕੀਤਾ ਅਤੇ ਜੋ ਤੁਹਾਡੇ ਸਭ ਤੋਂ ਭੈੜੇ ਭਾਵਨਾਤਮਕ ਅਤੇ ਸਰੀਰਕ ਦਰਦ ਨੂੰ ਸਮਝਦਾ ਹੈ। ਉਹ ਸਭ ਕੁਝ ਹੈ ਜੋ ਤੁਸੀਂ ਇੱਕ ਦੋਸਤ, ਇੱਕ ਵਿਸ਼ਵਾਸਪਾਤਰ, ਇੱਕ ਮਾਰਗਦਰਸ਼ਕ, ਇੱਕ ਗੁਰੂ ਅਤੇ ਇੱਕ ਸਲਾਹਕਾਰ ਤੋਂ ਚਾਹੁੰਦੇ ਹੋ। ਉਹ ਯਿਸੂ ਮਸੀਹ ਹੈ, ਪਰਮੇਸ਼ੁਰ ਦਾ ਪੁੱਤਰ।

ਬਾਈਬਲ ਕਹਿੰਦੀ ਹੈ ਕਿ "ਪਰਮੇਸ਼ੁਰ ਪਿਆਰ ਹੈ" (1 ਯੂਹੰਨਾ 4:8), ਅਤੇ ਉਸਦਾ ਪਿਆਰ ਬੇਅੰਤ ਹੈ, ਜਿਸ ਦਾ ਕੋਈ ਅੰਤ ਨਹੀਂ। ਇਹ ਪਹਾੜਾਂ ਤੋਂ ਵੀ ਉੱਚਾ ਹੈ, ਸਮੁੰਦਰਾਂ ਤੋਂ ਵੀ ਡੂੰਘਾ ਹੈ। ਇਹ ਹਰ ਜਗ੍ਹਾ ਹੈ, ਅਤੇ ਇਹ ਸਦਾ ਰਹਿਣ ਵਾਲਾ ਹੈ; ਇਹ ਅਤੇ ਸਰਵ ਵਿਆਪਕ ਹੈ! ਪਰ ਇਹ ਪੂਰੀ ਤਰ੍ਹਾਂ ਸਾਡੀ ਸਮਝ ਤੋਂ ਪਰ੍ਹੇ ਹੈ।

ਕਿਉਂਕਿ ਪਰਮੇਸ਼ੁਰ ਚਾਹੁੰਦਾ ਸੀ ਕਿ ਅਸੀਂ ਇਸ ਅਨੋਖੇ ਪਿਆਰ ਦਾ ਅਨੁਭਵ ਕਰੀਏ, ਉਸਨੇ ਆਪਣੇ ਪੁੱਤਰ, ਯਿਸੂ ਨੂੰ ਧਰਤੀ 'ਤੇ ਸਾਡੇ ਵਾਂਗ ਜੀਣ ਅਤੇ ਉਨ੍ਹਾਂ ਚੀਜ਼ਾਂ ਦਾ ਅਨੁਭਵ ਕਰਨ ਲਈ ਭੇਜਿਆ ਜਿਨ੍ਹਾਂ ਵਿੱਚੋਂ ਅਸੀਂ ਲੰਘਦੇ ਹਾਂ। ਹਾਲਾਂਕਿ, ਸਾਡੇ ਤੋਂ ਉਲਟ, ਯਿਸੂ ਪਰਮੇਸ਼ੁਰ ਅਤੇ ਮਨੁੱਖ ਦੋਵੇਂ ਸੀ।

ਧਰਤੀ ਉੱਤੇ ਉਸਦਾ ਮਿਸ਼ਨ ਉਦੋਂ ਪੂਰਾ ਹੋਇਆ ਜਦੋਂ ਉਹ ਸਲੀਬ 'ਤੇ ਇੱਕ ਦੁਖਦਾਇਕ ਮੌਤ ਮਰਿਆ, ਮੁਰਦਿਆਂ ਵਿੱਚੋਂ ਜੀ ਉੱਠਿਆ, ਅਤੇ ਸਵਰਗ ਵਿੱਚ ਆਪਣੇ ਪਿਤਾ ਕੋਲ ਵਾਪਸ ਆਇਆ। ਉਹ ਸਾਡੇ ਪਾਪਾਂ ਨੂੰ ਆਪਣੇ ਉੱਤੇ ਲੈਣ ਅਤੇ ਸਾਨੂੰ ਛੁਟਕਾਰਾ ਦਵਾਉਣ ਲਈ ਸਾਡੇ ਲਈ ਮਰਨ ਦਾ ਸਭ ਤੋਂ ਵੱਡਾ ਬਲੀਦਾਨ ਦੇਣ ਲਈ ਤਿਆਰ ਸੀ। ਉਸਨੇ ਅਜਿਹਾ ਇਸ ਲਈ ਕੀਤਾ ਤਾਂ ਜੋ ਸਾਨੂੰ ਮਾਫ਼ ਕੀਤਾ ਜਾ ਸਕੇ ਅਤੇ ਤਾਂ ਕਿ ਅਸੀਂ ਇੱਸ ਗੱਲ ਤੋਂ ਜਾਣੂ ਹੋ ਸਕੀਏ ਕਿ ਪ੍ਰਭੂ ਯਿਸੂ ਮਸੀਹ ਅਤੇ ਪਿਤਾ ਪਰਮੇਸ਼ੁਰ ਸਾਨੂੰ ਕਿੰਨਾ ਪਿਆਰ ਕਰਦੇ ਹਨ।

"ਕਿਉਂਕਿ ਪਰਮੇਸ਼ੁਰ ਨੇ ਸੰਸਾਰ (ਤੁਹਾਨੂੰ ਅਤੇ ਮੈਨੂੰ) ਨੂੰ ਇੰਨਾ ਪਿਆਰ ਕੀਤਾ ਕਿ ਉਸਨੇ ਆਪਣਾ ਇਕਲੌਤਾ ਪੁੱਤਰ (ਯਿਸੂ ਮਸੀਹ) ਦੇ ਦਿੱਤਾ, ਤਾਂ ਜੋ ਕੋਈ ਵੀ ਉਸਤੇ ਵਿਸ਼ਵਾਸ ਕਰੇ ਉਹ ਨਾਸ਼ ਨਾ ਹੋਵੇ ਪਰ ਸਦਾ ਦਾ ਜੀਵਨ ਪਾਵੇ" (ਯੂਹੰਨਾ 3:16)।

ਯਿਸੂ ਤੁਹਾਨੂੰ ਨਿੱਜੀ ਤੌਰ 'ਤੇ ਜਾਣਦਾ ਹੈ। ਉਹ ਤੁਹਾਡਾ ਨਾਮ ਜਾਣਦਾ ਹੈ। ਉਹ ਤੁਹਾਡੀਆਂ ਸਾਰੀਆਂ ਸਮੱਸਿਆਵਾਂ ਅਤੇ ਦਿਲ ਦੇ ਦਰਦਾਂ ਨੂੰ ਜਾਣਦਾ ਹੈ, ਅਤੇ ਉਹ ਤੁਹਾਡੀ ਮਦਦ ਕਰਨਾ ਚਾਹੁੰਦਾ ਹੈ। ਜੇਕਰ ਤੁਸੀਂ ਉਸ ਤੋਂ ਮੰਗੋਗੇ, ਤਾਂ ਉਹ ਇਸ ਜੀਵਨ ਦੀਆਂ ਸਾਰੀਆਂ ਮੁਸ਼ਕਲਾਂ, ਚੁਣੌਤੀਆਂ, ਸਮੱਸਿਆਵਾਂ, ਨੁਕਸਾਨਾਂ ਅਤੇ ਵਿਪਤਾਵਾਂ ਵਿੱਚ ਤੁਹਾਡੇ ਨਾਲ ਚੱਲੇਗਾ। ਤੁਹਾਡੇ ਹਾਲਾਤ ਭਾਵੇਂ ਕਦਿਾਂ ਦੇ ਵੀ ਹੋਣ, ਤੁਸੀਂ ਉਸ ਦੁਆਰਾ ਦਿੱਤੇ ਗਏ ਦਿਲਾਸੇ ਅਤੇ ਉਮੀਦ ਦਾ ਅਨੁਭਵ ਕਰ ਸਕਦੇ ਹੋ।

ਜੇ ਤੁਸੀਂ, ਉਸ ਅੱਗੇ ਆਪਣੇ ਦਿਲ ਖੋਲ੍ਹਦੇ ਹੋ ਅਤੇ ਤਾਂ ਤੁਸੀ ਉਸਨੂੰ ਆਪਣੀ ਜ਼ਿੰਦਗੀ ਦਾ ਇੱਕ ਅਹਿਮ ਹਿੱਸਾ ਬਣਾਉਂਦੇ ਹੋ, ਤੇ ਉਹ ਤੁਹਾਨੂੰ ਇਸ ਜ਼ਿੰਦਗੀ ਵਿੱਚ ਅੱਗੇ ਵਧਣ ਵਿੱਚ ਮਦਦ ਕਰੇਗਾ। ਭਾਵੇਂ ਕਿੰਨੀਆਂ ਵੀ ਮੁਸ਼ਕਲਾਂ ਕਿਉਂ ਨਾ ਹੋਣ, ਤੁਸੀਂ ਜਾਣ ਸਕਦੇ ਹੋ ਕਿ ਉਹ ਤੁਹਾਡੀ ਮਦਦ ਕਰਨ ਲਈ ਮੌਜੂਦ ਹੈ। ਇਸ ਦਾ ਮਤਲਬ ਇਹ ਨਹੀਂ ਕਿ ਦੁੱਖ ਤੁਹਾਡੀ ਜ਼ਿੰਦਗੀ ਦੇ ਵਿੱਚ ਨਹੀਂ ਆਉਣਗੇ, ਪਰ ਉਹ ਦੁੱਖਾਂ ਦੇ ਵਿੱਚ ਤੁਹਾਡੀ ਮਦਦ ਕਰੇਗਾ।

ਇਸ ਜੀਵਨ ਵਿੱਚ ਉਸਦੇ ਨਾਲ ਚੱਲਣ ਤੋਂ ਬਾਅਦ, ਤੁਸੀਂ ਉਸਦੇ ਨਾਲ ਸਵਰਗ ਵਿੱਚ ਅਗਲੇ ਜੀਵਨ ਵਿੱਚ ਚੱਲਦੇ ਰਹਿਣ ਦੇ ਯੋਗ ਹੋਵੋਗੇ! ਤੁਸੀਂ ਸਭ ਤੋਂ ਸੁੰਦਰ ਜਗ੍ਹਾ ਵਿੱਚ ਦਾਖਲ ਹੋਵੋਗੇ, ਜਿੱਥੇ ਤੁਸੀਂ ਹਮੇਸ਼ਾ ਲਈ ਖੁਸ਼ੀ ਅਤੇ ਸ਼ਾਂਤੀ ਵਿੱਚ ਰਹੋਗੇ। ਪਿਆਰ ਅਤੇ ਨਿਆਂ ਰਾਜ ਕਰੇਗਾ, ਅਤੇ ਤੁਸੀਂ ਦੁਬਾਰਾ ਕਦੇ ਵੀ ਦੁੱਖ, ਜ਼ੁਲਮ ਜਾਂ ਗਰੀਬੀ ਦਾ ਅਨੁਭਵ ਨਹੀਂ ਕਰੋਗੇ।

ਤੇ ਤੁਸੀਂ ਪਰਮੇਸ਼ੁਰ ਦੇ ਸਰਵ ਵਿਆਪਕ ਪਿਆਰ ਨੂੰ ਜਾਣੋ ਅਤੇ ਸਮਝੋ ਕਿ ਉਹ ਤੁਹਾਨੂੰ ਕਿੰਨਾ ਪਿਆਰ ਕਰਦਾ ਹੈ। ਤੇ ਤੁਹਾਨੂੰ ਵਿਸ਼ਵਾਸ ਹੋਵੇ ਕਿ ਉਹ ਹਮੇਸ਼ਾ ਤੁਹਾਡੇ ਨਾਲ ਹੈ ਅਤੇ ਉਸਦੀ ਖੁਸ਼ੀ ਨੂੰ ਜਾਣੋ। ਤੁਸੀਂ ਬਾਈਬਲ ਵਿੱਚ ਪਰਮੇਸ਼ੁਰ, ਮਨੁੱਖਤਾ ਲਈ ਉਸਦੇ ਪਿਆਰ ਅਤੇ ਤੁਹਾਡੇ ਜੀਵਨ ਲਈ ਉਸਦੀ ਯੋਜਨਾ ਬਾਰੇ ਹੋਰ ਜਾਣ ਸਕਦੇ ਹੋ।

ਯਿਸੂ ਤੁਹਾਡੇ ਨਾਲ ਇੱਕ ਨਿੱਜੀ ਰਿਸ਼ਤਾ ਬਣਾਉਣਾ ਚਾਹੁੰਦਾ ਹੈ ਅਤੇ ਇਸ ਧਰਤੀ 'ਤੇ ਇਸੇ ਵਕਤ ਅਤੇ ਹਮੇਸ਼ਾ ਲਈ ਤੁਹਾਡੇ ਜੀਵਨ ਦਾ ਇੱਕ ਬਹੁਤ ਹੀ ਅਨਮੋਲ ਅੰਗ ਬਣਨਾ ਚਾਹੁੰਦਾ ਹੈ। ਉਹ ਤੁਹਾਡੇ ਦਿਲ ਦੇ ਦਰਵਾਜ਼ੇ 'ਤੇ ਖੜ੍ਹਾ ਹੈ, ਉਹ ਤੁਹਾਡੇ ਦਰਵਾਜ਼ਾ ਖੋਲ੍ਹਣ ਅਤੇ ਉਸਨੂੰ ਆਪਣੀ ਜ਼ਿੰਦਗੀ ਵਿੱਚ ਸੱਦਾ ਦੇਣ ਦੀ ਉਡੀਕ ਕਰ ਰਿਹਾ ਹੈ। (ਪ੍ਰਕਾਸ਼ ਦੀ ਪੋਥੀ 3:20 ਵੇਖੋ।)

ਤੁਸੀਂ ਦਿਲ ਤੋਂ ਇਹ ਪ੍ਰਾਥਨਾ ਕਰਕੇ, ਯਿਸੂ ਨੂੰ ਆਪਣੇ ਜੀਵਨ ਦੇ ਵਿੱਚ ਬੁਲਾ ਸਕਦੇ ਹੋ।

ਯਿਸੂ, ਕਿਰਪਾ ਕਰਕੇ ਮੇਰੇ ਸਾਰੇ ਪਾਪ ਮਾਫ਼ ਕਰ ਦਿਓ। ਮੈਂ ਵਿਸ਼ਵਾਸ ਕਰਦਾ ਹਾਂ ਕਿ ਤੁਸੀਂ ਮੇਰੇ ਲਈ ਮਰ ਗਏ। ਮੈਂ ਆਪਣੇ ਦਿਲ ਦਾ ਦਰਵਾਜ਼ਾ ਖੋਲ੍ਹਦਾ ਹਾਂ, ਅਤੇ ਮੈਂ ਤੁਹਾਨੂੰ ਆਪਣੀ ਜ਼ਿੰਦਗੀ ਵਿੱਚ ਸੱਦਾ ਦਿੰਦਾ ਹਾਂ। ਕਿਰਪਾ ਕਰਕੇ ਮੈਨੂੰ ਆਪਣੇ ਪਿਆਰ ਅਤੇ ਪਵਿੱਤਰ ਆਤਮਾ ਨਾਲ ਭਰ ਦਿਓ, ਤੁਹਾਨੂੰ ਜਾਣਨ ਵਿੱਚ ਮੇਰੀ ਮਦਦ ਕਰੋ, ਅਤੇ ਸੱਚਾਈ ਦੇ ਰਾਹ ਵਿੱਚ ਮੇਰੀ ਅਗਵਾਈ ਕਰੋ। ਆਮੀਨ।

© 2022 Activated

To learn more, visit our website at: https://activated.org/en/.